# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 31 ਜਨਵਰੀ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਅਮਰੀਕਾ ਦੀਆਂ ਟੈਰਿਫ ਧਮਕੀਆਂ ਦਾ ਮੁਕਾਬਲਾ ਕਰਨ ਲਈ ਬੀ.ਸੀ. ਸਰਕਾਰ ਹਰਕਤ 'ਚ ਆਈ

### ਮੰਤਰੀ ਰਵੀ ਕਾਹਲੋਂ ਦੀ ਪ੍ਰਧਾਨਗੀ ਹੇਠ 10 ਮੈਂਬਰੀ ਕੈਬਨਿਟ ਕਮੇਟੀ ਦਾ ਗਠਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 31 ਜਨਵਰੀ : ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਵੱਲੋਂ ਇੱਕ ਨਵੀਂ ਕੈਬਨਟਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਬੀਸੀ ਦੇ ਕਾਮਿਆਂ, ਕਾਰੋਬਾਰੀਆਂ ਅਤੇ ਅਰਥ ਵਿਵਸਥਾ ਨੂੰ ਅਮਰੀਕਾ ਦੇ ਪ੍ਰਸਤਾਵਿ ਟੈਰਿਫ ਖਤਰਿਆਂ ਤੋਂ ਬਚਾਉਣ ਲਈ ਸਰਕਾਰੀ ਤਾਲਮੇਲ ਦਾ ਕਾਰਜ ਕਰੇਗੀ। ਇਸ ਕੈਬਨਿਟ ਕਮੇਟੀ ਲਈ ਰਵੀ ਕਾਹਲੋਂ (ਹਾਊਸਿੰਗ ਤੇ ਮਿਊਨਸੀਪਲ ਮਾਮਲਿਆਂ ਦੇ ਮੰਤਰੀ) ਨੂੰ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਹੈ। ਕਮੇਟੀ ਦੇ ਬਾਕੀ ਮੈਂਬਰਾਂ ਵਿੱਚ ਡਾਇਨਾ ਗਿਬਸਨ (ਨੌਕਰੀਆਂ, ਆਰਥਿਕ ਵਿਕਾਸ ਅਤੇ ਨਵੀਨਤਾ ਮੰਤਰੀ), ਬ੍ਰੈਂਡਾ ਬੇਲੀ (ਵਿੱਤ ਮੰਤਰੀ), ਐਡਰੀਅਨ ਡਿਕਸ (ਊਰਜਾ ਅਤੇ ਜਲਵਾਯੂ ਹੱਲ ਮੰਤਰੀ), ਲਾਨਾ ਪੋਪਹੈਮ (ਖੇਤੀਬਾੜੀ ਅਤੇ ਖੁਰਾਕ ਮੰਤਰੀ), ਰੈਂਡੇਨ ਨੀਲ (ਪਾਣੀ, ਭੂਮੀ ਅਤੇ ਸਰੋਤ ਪ੍ਰਬੰਧਨ ਮੰਤਰੀ), ਰਿਕ ਗਲੂਮੈਕ (ਵਪਾਰ ਰਾਜ ਮੰਤਰੀ), ਰਵੀ ਪਰਮਾਰ (ਜੰਗਲਾਤ ਮੰਤਰੀ), ਜਗਰੂਪ ਬਰਾੜ (ਮਾਈਨਿੰਗ ਅਤੇ ਮਹੱਤਵਪੂਰਨ ਖਾਣਿਜ ਮੰਤਰੀ) ਅਤੇ ਤਾਮਾਰਾ ਡੇਵਿਡਸਨ (ਵਾਤਾਵਰਨ ਅਤੇ ਪਾਰਕ ਮੰਤਰੀ) ਸ਼ਾਮਿਲ ਹਨ।

ਇਸ ਕਮੇਟੀ ਨੂੰ 'ਵਾਰ ਰੂਮ' (ਜੰਗੀ ਕਮਰਾ) ਦਾ ਨਾਂ ਦਿੱਤਾ ਗਿਆ ਹੈ ਜੋ ਬ੍ਰਿਟਿਸ਼ ਕਲੰਬੀਆ ਵੱਲੋਂ ਜਵਾਬੀ ਕਾਰਵਾਈ ਕਰਨ ਅਤੇ ਸੂਬੇ ਦੀ ਆਰਥਿਕਤਾ ਨੂੰ ਵਧਾਉਣ ਲਈ ਕਾਰਜ ਕਰੇਗੀ। ਪ੍ਰੀਮੀਅਰ ਡੇਵਿਡ ਈਬੀ ਨੇ ਪ੍ਰਸਤਾਵਿਤ ਅਮਰੀਕੀ ਟਾਰਿਫ ਨੂੰ ਬੀਸੀ ਦੇ ਪਰਿਵਾਰਾਂ 'ਤੇ ਸਿੱਧਾ ਹਮਲਾ ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਖਤਰਾ ਜਲਦੀ ਹੀ ਦੂਰ ਹੋਣ ਵਾਲਾ ਨਹੀਂ। ਹਰ ਮੰਤਰੀ ਦੀ ਲੜਾਈ ਇਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਇਸ ਕਮੇਟੀ ਵੱਲੋਂ ਜਵਾਬੀ ਕਾਰਵਾਈ ਅਤੇ ਅਮਰੀਕੀ ਫੈਸਲਾ ਲੈਣ ਵਾਲਿਆਂ ਤੱਕ ਪਹੁੰਚ ਕਰਨ ਲਈ ਤਿੰਨ ਨੁਕਾਤੀ ਰਣਨੀਤੀ ਬਣਾਈ ਗਈ ਹੈ ਜਿਸ ਤਹਿਤ ਅਮਰੀਕੀ ਟੈਰਿਫਾਂ ਦਾ ਜਵਾਬ ਸਖਤੀ ਨਾਲ ਦੇਣਾ, ਅਮਰੀਕੀ ਫੈਸਲਾ ਲੈਣ ਵਾਲਿਆਂ ਤੱਕ ਪਹੁੰਚ ਕਰਨਾ, ਉਦਯੋਗ ਅਤੇ ਕਾਮਿਆਂ ਦੇ ਸਮਰਥਨ ਨਾਲ ਬੀਸੀ ਦੀ ਆਰਥਿਕਤਾ ਨੂੰ ਮਜਬੂਤ ਕਰਨ ਵਾਲੇ ਪ੍ਰੋਜੈਕਟਾਂ ਵਿਚ ਤੇਜ਼ੀ ਲਿਆਉਣਾ ਅਤੇ ਉਤਪਾਦਾਂ ਲਈ ਵਪਾਰਕ ਬਾਜ਼ਾਰਾਂ ਨੂੰ ਵਿਭਿੰਨ ਬਣਾਉਣਾ ਸ਼ਾਮਿਲ ਹੈ ਤਾਂ ਜੋ ਬ੍ਰਿਟਿਸ਼ ਕੋਲੰਬੀਆ ਦੇ ਲੋਕ ਅਮਰੀਕੀ ਬਾਜ਼ਾਰਾਂ ਅਤੇ ਕਾਰੋਬਾਰਾਂ 'ਤੇ ਘੱਟ ਨਿਰਭਰ ਹੋਣ। ਕਮੇਟੀ ਦੇ ਪ੍ਰਧਾਨ ਰਵੀ ਕਾਹਲੋਂ ਨੇ ਕਿਹਾ ਹੈ ਕਿ ਉਹ ਤੇ ਉਹਨਾਂ ਦੇ ਸਾਥੀ ਕਾਮਿਆਂ, ਕਾਰੋਬਾਰੀਆਂ ਅਤੇ ਭਾਈਚਾਰਕ ਆਗੂਆਂ ਨਾਲ ਮੋਢੇ ਨਾਲ ਮੋਢਾ ਲਾ ਕੇ ਲਾ ਕੇ ਕੰਮ ਕਰਨਗੇ।

## ਮੁਲਜ਼ਮਾਂ ਖ਼ਿਲਾਫ਼ ਪਰਚਾ ਦਰਜ ਕਰਵਾਉਣ ਲਈ ਵਕੀਲਾਂ ਵੱਲੋਂ ਹੜਤਾਲ

### ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣ 'ਤੇ ਸੰਘਰਸ਼ ਤੇਜ਼ ਕਰਨ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 31 ਜਨਵਰੀ : ਜ਼ਿਲ੍ਹਾ ਬਾਰ ਐਸੋਸੀਏਸ਼ਨ ਫਰੀਦਕੋਟ ਨੇ ਬਾਰ ਕੌਂਸਲ ਪੰਜਾਬ ਤੇ ਹਰਿਆਣਾ ਦੇ ਸੱਦੇ 'ਤੇ ਇੱਥੇ ਹੜਤਾਲ ਕਰਕੇ ਮੰਗ ਕੀਤੀ ਕਿ ਸਮਰਾਲੇ ਦੇ ਵਕੀਲ ਹਸਨ ਸਿੰਘ ਉੱਪਰ ਕਥਿਤ ਤੌਰ 'ਤੇ ਹਮਲਾ ਕਰ ਕੇ ਕੁੱਟਮਾਰ ਕਰਨ ਵਾਲੇ ਮੁਲਜ਼ਮਾਂ ਖਿਲਾਫ਼ ਪਰਚਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਲਾਭ ਸਿੰਘ ਔਲਖ, ਸਕੱਤਰ ਜਤਿੰਦਰ ਕੁਮਾਰ ਬਾਂਸਲ, ਜਸਕਰਨ ਸਿੰਘ, ਗੁਰਜੁਗਪਾਲ ਸਿੰਘ, ਬਿਕਰਮਜੀਤ



ਸਿੰਘ ਬਰਾੜ, ਮੋਹਨ ਸਿੰਘ ਬਰਾੜ, ਉਮਾ ਸ਼ੰਕਰ, ਪਿਊਸ਼ ਜੈਨ ਅਤੇ ਰਜਿੰਦਰ ਸਿੰਘ ਬਰਾੜ ਆਦਿ ਵਕੀਲਾਂ ਨੇ ਕਿਹਾ ਕਿ ਪਿਛਲੇ ਦਿਨੀਂ ਸਮਰਾਲੇ ਦੇ ਵਕੀਲ ਹਸਨ ਸਿੰਘ ਉੱਪਰ ਕੁਝ ਵਿਅਕਤੀਆਂ ਨੇ ਹਮਲਾ ਕਰਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਨ੍ਹਾਂ ਕਿਹਾ ਕਿ ਪੁਲੀਸ ਨੂੰ ਸਮੇਂ-ਸਿਰ ਸੂਚਨਾ ਮਿਲਣ ਦੇ ਬਾਵਜੂਦ ਅਜੇ ਤੱਕ ਨਾ ਤਾਂ ਮੁਲਜ਼ਮਾਂ ਖ਼ਿਲਾਫ਼ ਪਰਚਾ ਦਰਜ ਕੀਤਾ ਗਿਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਪੁੱਛ-ਪੜਤਾਲ ਲਈ ਬੁਲਾਇਆ ਗਿਆ ਹੈ। ਜ਼ਿਲ੍ਹਾ ਪ੍ਰਧਾਨ ਗੁਰਲਾਭ ਸਿੰਘ ਔਲਖ ਨੇ ਕਿਹਾ ਕਿ ਜੇਕਰ ਪੁਲੀਸ ਤੁਰੰਤ ਕਾਰਵਾਈ ਨਹੀਂ ਕਰਦੀ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## ਖੇਡਾਂ ਨੂੰ ਪ੍ਰਮੋਟ ਕਰਨ ਬਦਲੇ ਗੁਰਿੰਦਰ ਮੱਟੂ ਨੂੰ ਗਣਤੰਤਰ ਦਿਵਸ ਮੌਕੇ ਮਿਲਿਆ ਸਨਮਾਨ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ 31 ਜਨਵਰੀ : ਜ਼ਿਲ੍ਹੇ ਦੀ ਨਾਮਵਰ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਅਤੇ (ਪ੍ਰਸਿੱਧ ਖੇਡ ਪ੍ਰੋਮੋਟਰ ) ਗੁਰਿੰਦਰ ਸਿੰਘ ਮੱਟੂ ਨੇ ਇੱਕ ਹੋਰ ਖ਼ੁਸ਼ੀ ਸਾਂਝੀ ਕਰਦਿਆਂ ਕਿਹਾ ਕੇ 26 ਜਨਵਰੀ 2025 ਨੂੰ ਅੰਮ੍ਰਿਤਸਰ ਗੁਰੂ ਨਾਨਕ ਸਟੇਡੀਅਮ ( ਗਾਂਧੀ ਗਰਾਊਂਡ) ਵਿਖੇ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਗਣਤੰਤਰ ਦਿਵਸ ਦੌਰਾਨ ਮੈਨੂੰ ਖੇਡਾਂ ਦੇ ਖ਼ੇਤਰ ਬੇਹਤਰੀਨ ਅਤੇ ਉੱਤਮ ਸੇਵਾਵਾਂ ਤੌਰ 'ਤੇ ਮਾਨਤਾ ਦਿੰਦੇ ਹੋਏ ਸੱਭਿਆਚਾਰਕ, ਸੈਰ ਸਪਾਟਾ,ਪੇਡੂ ਪੰਚਾਇਤ ਤੇ ਵਿਕਾਸ ਮੰਤਰਾਲਿਆ ਦੇ ਕੈਬਨਿਟ ਮੰਤਰੀ ਪੰਜਾਬ ਸ੍ਰ. ਤਰਨਪ੍ਰੀਤ ਸਿੰਘ ਸੋਂਦ ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਵਲੋਂ ਸਰਕਾਰੀ ਤੌਰ ਤੇ "ਉੱਤਮ ਖੇਡ ਸੇਵਾਵਾਂ ਵਕਾਰੀ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੁਰਿੰਦਰ ਸਿੰਘ ਮੱਟੂ ਨੇ ਜ਼ਿਲਾ ਪ੍ਰਸ਼ਾਸ਼ਨ ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਆਪਣੀ ਸੋਸਾਇਟੀ ਵੱਲੋਂ ਕੀਤੀਆਂ ਗਈਆ ਪ੍ਰਾਪਤੀਆਂ ਅਤੇ ਗਤੀਵਿਧੀਆਂ ਤੋਂ ਜਾਣੂ ਕਰਾਉਦਿਆਂ ਜਾਣਕਾਰੀ ਦਿੱਤੀ ਕੇ 151 ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ/ਕਾਲਜਾਂ ਦੇ ਇੱਕ ਲੱਖ,ਛੇ ਹਜਾਰ,ਅੱਠ ਸੋ ਅਠਾਰਾਂ ਦੇ ਕਰੀਬ ਵਿਦਿਆਰਥੀਆਂ ਨੂੰ ਭਰੂਣ ਹੱਤਿਆ ਖਿਲਾਫ "ਬੇਟੀ ਬਚਾਓ,ਬੇਟੀ ਪੜ੍ਹਾਓ" ਮੁਹਿੰਮ ਨਾਲ ਜੋੜਿਆ ਹੈ। ਵਾਤਾਵਰਨ ਦਿਵਸ ਮੌਕੇ ਜਿਲੇ ਦੇ ਵੱਖ-ਵੱਖ ਸਕੂਲਾਂ ਚ' ਇੱਕ ਲੱਖ ਦੇ ਕਰੀਬ ਛਾਂਦਾਰ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹਨ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਲਈ ਜਾਣ ਵਾਲੀ ਦਸਵੀ ਤੇ ਬਾਹਰਵੀ ਦੀ ਸਲਾਨਾ ਪ੍ਰੀਖਿਆ ਚ' ਪੰਜਾਬ ਪੱਧਰ ਤੇ ਮੈਰਿਟ ਪ੍ਰਾਪਤ ਕਰਨ ਵਾਲੀਆ ਹੋਣਹਾਰ ਧੀਆਂ ਨੂੰ ਹਰ ਸਾਲ ਸਨਮਾਨਿਤ ਕਰਨ ਦੀ ਪਿਰਤ ਪਾਈ ।ਨੋਜਵਾਨ ਪੀੜ੍ਹੀ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਐਥਲੇਟਿਕਸ, ਕੱਬਡੀ, ਕ੍ਰਿਕਟ,ਰੱਸਾ-ਕੱਸੀ, ਵਾਲੀਬਾਲ ਮੁਕਾਬਲੇ ਕਰਵਾਏ । ਭਰੂਣ ਹੱਤਿਆ ਖਿਲਾਫ (ਭਾਸਣ/ਪੇਟਿੰਗ/ਖੇਡ ਮੁਕਾਬਲੇ ਅਤੇ ਪੋਸਟਰ ਪ੍ਰਦਰਸਨੀਆਂ ਲਗਾ ਕੇ ਜਾਗਰੂਕ ਕੀਤਾ ਜਾਦਾ ਹੈ। ਸਕੂਲੀ ਵਿਦਿਆਰਥੀਆ ਵਿੱਚ ਧਾਰਮਿਕ ਰੁਚੀ ਪੈਦਾ ਕਰਨ ਲਈ ਧਾਰਮਿਕ ਪ੍ਰੀਖਿਆ ਕਰਵਾਈ । ਪਾਣੀ ਦੀ ਸਾਂਭ ਸੰਭਾਲ ਲਈ ਸਕੂਲਾਂ ਵਿੱਚ ਸੈਮੀਨਾਰ ਲਗਾਏ ਜਾਦੇ ਹਨ।

ਬਾਲ ਦਿਵਸ ਮੌਕੇ ਗਰੀਬ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਜਾਦੀ ਹੈ। ਕਰੋਨਾ ਮਹਾਂਮਾਰੀ ਸਬੰਧੀ ਜਾਗਰੂਕਤਾ ਲਹਿਰ ਚਲਾਈ ਜਿਸ ਵਿਚ ਰਾਹਗੀਰਾਂ ਨੂੰ 2000 ਮਾਸਕ ਵੰਡੇ ਗਏ । ਕਰੋਨਾ ਮਹਾਮਾਰੀ ਦੋਰਾਨ ਸਕੂਲੀ ਵਿਦਿਆਰਥੀਆਂ ਦੇ 17 ਆਨਲਾਈਨ ਮੁਕਾਬਲੇ ਕਰਵਾਏ। ਵਿਸ਼ਵ ਏਡਜ ਦਿਵਸ ਮੌਕੇ ਜਾਗਰੂਕਤਾ ਮੁਹਿੰਮ ਛੇੜੀ। 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਹਰ ਸਾਲ ਵਿਦਿਆ ਦੇ ਖ਼ੇਤਰ 'ਚ ਬੇਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਧਿਆਪਕਾਂ ਦਾ ਸਨਮਾਨ ਕੀਤਾ ਜਾਂਦਾ ਹੈ । ਹਰ ਧੀਆਂ ਦੀ ਲੋਹੜੀ ਮਨਾਈ ਜਾਂਦੀ ਹੈ। ਲੋਹੜੀ ਦੇ ਤਿਉਹਾਰ ਮੌਕੇ ਚਾਈਨਾ ਡੋਰ ਖਿਲਾਫ ਜਾਗਰੂਕਤਾ ਮੁਹਿੰਮ ਚਲਾਈ ਗਈ। ਪਦਮ ਸ੍ਰੀ,ਦ੍ਰੋਣਾਚਾਰੀਆਂ, ਓਲੰਪੀਅਨ,ਕੌਮਾਂਤਰੀ ਅਤੇ ਕੌਮੀ ਖਿਡਾਰੀਆਂ ਨੂੰ ਸਨਮਾਨਿਤ ਕਰਨ ਦੀ ਪਿਰਤ ਪਾਈ, ਜਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲੀ ਵਾਹਨਾਂ ਤੇ ਸੜਕ ਸੁਰੱਖਿਆ, ਹਾਦਸੇ ਰੋਕਣ ਲਈ ਮੁਹਿੰਮ ਚਲਾਈ ਗਈ ਅਤੇ ਮਨੁੱਖੀ ਰਹਿਤ ਫਾਟਕਾਂ ਬਾਰੇ ਸੁਰੱਖਿਆ ਸਬੰਧੀ ਮੁਹਿੰਮ ਅਤੇ ਪਰਿੰਦਿਆਂ ਦੀ ਸੇਵਾ ਸੰਭਾਲ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ । ਪ੍ਰਮਾਤਮਾ ਦੇ ਭਾਣੇ ਵਿਚ ਰਹਿਣ ਵਾਲੇ ਸਮਾਜ ਸੇਵਕ ਮੱਟੂ ਨੇ ਲੋਕ ਸੇਵਾ ਨੂੰ ਆਪਣਾ ਮਿਸ਼ਨ ਮੰਨਿਆ ਹੈ । ਰੱਬ ਕਰੇ ਮਾਨਵਤਾ ਦਾ ਇਹ ਪੁਜਾਰੀ ਇਸੇ ਤਰ੍ਹਾਂ ਹੀ ਹੋਰ ਉਚੇਰੇ ਦਿੱਸ ਹੱਦਿਆਂ ਨੂੰ ਛੂਹਦਾ ਰਹੇ।

ਫੋਟੋ ਕੈਪਸ਼ਨ ਗੁਰਿੰਦਰ ਮੱਟੂ ਨੂੰ ਖੇਡਾਂ ਨੂੰ ਪ੍ਰਮੋਟ ਕਰਨ ਬਦਲੇ ਗੁਰਿੰਦਰ ਮੱਟੂ ਨੂੰ ਗਣਤੰਤਰ ਦਿਵਸ ਮੌਕੇ ਸਨਮਾਨਿਤ ਕਰਦੇ ਕੈਬਨਿਟ ਮੰਤਰੀ ਪੰਜਾਬ ਤਰਨਪ੍ਰੀਤ ਸਿੰਘ ਸੋਂਦ ਤੇ ਡੀਸੀ ਸਾਕਸ਼ੀ ਸਾਹਨੀ ਅਤੇ ਵਿਧਾਇਕ ਡਾ.ਜਸਬੀਰ ਸਿੰਘ ਸੰਧੂ

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਏਗੀ

### ਕੁਲਵਿੰਦਰ, ਜਗਜੀਤ ਨੌਸ਼ਹਿਰਵੀ ਅਤੇ ਨੀਲਮ ਲਾਜ ਸੈਣੀ ਦੀ ਟੀਮ ਕਾਰਜਕਾਰਨੀ ਲਈ ਮੁੜ ਚੁਣੀ ਗਈ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 31 ਜਨਵਰੀ : ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਦੀ ਮਾਸਿਕ ਮਿਲਣੀ ਹੋਈ। ਸਭ ਤੋਂ ਪਹਿਲਾਂ ਪ੍ਰਧਾਨ ਕੁਲਵਿੰਦਰ ਨੇ ਨਵੇਂ ਸਾਲ ਨੂੰ ਜੀ ਆਇਆਂ ਕਹਿੰਦੇ ਹੋਏ ਹਾਜ਼ਰ ਮੈਂਬਰਾਂ ਨੂੰ ਪਿਛਲੇ ਵਰ੍ਹੇ ਦੀ ਕਾਨਫ਼ਰੰਸ ਦੀ ਸਫ਼ਲਤਾ ਲਈ ਵਧਾਈਦਿੱਤੀ। ਉਸ ਨੇ ਕਿਹਾ ਕਿ ਇਹ ਕਾਰਜ ਸਭ ਦੇ ਭਰਵੇਂ ਸਹਿਯੋਗ ਨਾਲ਼ ਹੀ ਕਾਮਯਾਬ ਰਿਹਾ। ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਕਾਨਫਰੰਸ ਦੇ ਆਮਦਨ/ਖ਼ਰਚ ਦੀ ਪਾਰਦਰਸ਼ੀ ਰਿਪੋਰਟ ਪੇਸ਼ ਕੀਤੀ। ਜਿਸ ਦੀ ਸਭ ਵੱਲੋਂ ਸ਼ਲਾਘਾ ਕੀਤੀ ਗਈ। ਮੀਤ ਪ੍ਰਧਾਨ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਕੁਲਵਿੰਦਰ, ਜਗਜੀਤ ਨੌਸ਼ਿਹਰਵੀ ਅਤੇ ਲਾਜ ਨੀਲਮ ਸੈਣੀ ਦੀ ਤਿੱਕੜੀ ਦੀ ਮਿਹਨਤ ਸਦਕਾ ਪਿਛਲੇ ਵਰ੍ਹੇ ਵਿਪਸਾਅ ਗੁਣਾਤਮਕ ਮਿਲਣੀਆਂ ਅਤੇ ਕਾਨਫਰੰਸ ਕਰਵਾਉਣ ਵਿੱਚ ਕਾਮਯਾਬ ਰਹੀ ਹੈ। ਇਸ ਨਿਰੰਤਰਤਾ ਨੂੰ ਬਣਾਈ ਰੱਖਣ ਅਤੇ ਵੱਡੀਆਂ ਪੁਲਾਂਘਾਂ ਪੁੱਟਣ ਲਈ ਕੁਲਵਿੰਦਰ, ਜਗਜੀਤ ਅਤੇ ਨੀਲਮ ਦੀ ਤਿੱਕੜੀ ਵਾਲੀ ਮੁੜ ਦੋ ਸਾਲ ਕਾਰਜਕਾਰਨੀ ਲਈ ਚੁਣ ਲਈ ਜਾਵੇ। ਆਰਗੇਨਾਈਜ਼ਰ ਡਾ. ਸੁਖਵਿੰਦਰ ਕੰਬੋਜ ਨੇ ਹੱਥ ਖੜ੍ਹਾ ਕਰਕੇ ਆਪਣੀ ਪ੍ਰਵਾਨਗੀ ਦਿੱਤੀ ਅਤੇ ਸਮੂਹ ਮੈਂਬਰਾਂ ਨੇ ਇਸ ਫ਼ੈਸਲੇ ਦਾ ਤਾੜੀਆਂ ਨਾਲ਼ ਸੁਆਗਤ ਕੀਤਾ।



ਕੁਲਵਿੰਦਰ ਨੇ ਸਭ ਮੈਂਬਰਾਂ ਦਾ ਇਸ ਫ਼ੈਸਲੇ ਲਈ ਇੱਕ ਵਾਰੀ ਫਿਰ ਧੰਨਵਾਦ ਕਰਦੇ ਹੋਏ ਕਿਹਾ ਕਿ ਪਿਛਲੇ ਵਰ੍ਹੇ ਐਸ਼ ਕੁਮ ਐਸ਼ ਅਤੇ ਮੁਕੇਸ਼ ਸ਼ਰਮਾ ਨੇ ਕਾਨਫ਼ਰੰਸ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਸਹਿਯੋਹ ਦਿੱਤਾ ਹੈ। ਉਹ ਦੋਵਾਂ ਨੂੰ ਕਾਰਜਕਾਰਨੀ ਵਿੱਚ ਸ਼ਾਮਲ ਕਰਾਂਗੇ। ਉਸ ਨੇ ਇਹ ਵੀ ਕਿਹਾ ਕਿ ਇਸ ਵਰ੍ਹੇ ਵਿਪਸਾ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਏਗੀ। ਸੁਖਦੇਵ ਸਾਹਿਲ ਨੇ ਦੱਸਿਆ ਕਿ ਉਹ ਅਕਾਦਮੀ ਦੇ ਮੈਂਬਰਾਂ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੀ ਵਿਸ਼ੇਸ਼ ਐਲਬਮ ਤਿਆਰ ਕਰੇਗਾ ਜੋ ਕਾਨਫ਼ਰੰਸ ਮੌਕੇ ਲੋਕ ਅਰਪਣ ਕੀਤੀ ਜਾਵੇਗੀ।

ਉਪਰੰਤ ਇਸ ਵਰ੍ਹੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਨੂੰ ਤਰਤੀਬ ਦਿੱਤੀ ਗਈ ਜਿਸ ਅਨੁਸਾਰ ਜਨਵਰੀ ਦੇ ਅਖ਼ੀਰਲੇ ਹਫ਼ਤੇ ਅਕਾਦਮੀ ਵੱਲੋਂ ਸਪਾਂਸਰਾਂ ਦੇ ਸਨਮਾਨ ਲਈ ਮੀਟਿੰਗ ਬੁਲਾਈ ਜਾਵੇਗੀ। ਮਾਰਚ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿੱਚ ਲਾਜ ਨੀਲਮ ਸੈਣੀ ਦੇ ਸਵੈ ਜੀਵਨੀ ਮੂਲਕ ਨਾਵਲ 'ਅਲਵਿਦਾ!...ਕਦੀ ਵੀ ਨਹੀਂ' ਅਤੇ ਮਈ ਮਹੀਨੇ ਜਗਜੀਤ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਗੋਸ਼ਟੀ ਕਰਵਾਈ ਜਾਵੇਗੀ। ਜੂਨ ਮਹੀਨੇ ਕਹਾਣੀ ਦਰਬਾਰ ਹੋਵੇਗਾ। ਹਰਜਿੰਦਰ ਕੰਗ ਦੇ ਕਾਵਿ ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਅਤੇ ਸੁਰਜੀਤ ਸਖੀ ਦੀ ਕਿਤਾਬ 'ਗੱਲ ਤਾਂ ਚੱਲਦੀ ਰਹੇਗੀ' ਉੱਪਰ ਵਿਚਾਰ-ਵਟਾਂਦਰਾ ਵੀ ਕਰਵਾਇਆ ਜਾਵੇਗਾ ਅਤੇ ਨਵੇਂ ਵਰ੍ਹੇ ਵਿੱਚ ਦੋ ਮੀਟਿੰਗਾਂ ਡਾ. ਹੁੰਦਲ ਦੇ ਗ੍ਰਹਿ ਵਿਖੇ ਕਰਵਾਈਆਂ ਜਾਣਗੀਆਂ।

ਨਵੇਂ ਸਾਲ ਵਿੱਚ ਨਵੀਆਂ ਉਮੰਗਾਂ ਨਾਲ਼ ਪਰਵੇਸ਼ ਕਰਨ ਲਈ ਸੁਖਦੇਵ ਸਾਹਿਲ ਨੇ ਸੁਰ ਅਤੇ ਸਾਜ਼ ਨਾਲ਼ ਸਾਂਝ ਪਾਈ। ਉਸ ਨੇ ਤਾਰਾ ਸਾਗਰ ਦਾ ਗੀਤ, ਕੁਲਵਿੰਦਰ, ਜਗਜੀਤ ਅਤੇ ਪ੍ਰੋ. ਸੀਰਤ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮਿਲਣੀ ਵਿੱਚ ਸੁਖਪਾਲ ਸੰਘੇੜਾ, ਪੰਕਜ, ਅਮਰਜੀਤ ਪੰਨੂੰ, ਗੁਲਸ਼ਨ ਦਿਆਲ, ਵਿਜੈ ਸਿੰਘ, ਸੁਖਦੇਵ ਸਾਹਿਲ, ਸੋਨੂੰ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਸ਼ਾਮਲ ਹੋਏ।

## ਖੇਤੀਬਾੜੀ ਵਿਗਿਆਨੀ ਡਾ. ਚਮਨ ਲਾਲ ਵਸ਼ਿਸ਼ਟ ਦੇ ਵਿਛੋੜੇ ਨਾਲ ਪੰਜਾਬ ਸਮਰਪਿਤ ਪੁੱਤਰ ਤੋਂ ਵਾਂਝਾ ਹੋਇਆ— ਗੁਰਭਜਨ ਗਿੱਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 31 ਜਨਵਰੀ : ਖੇਤੀਬਾੜੀ ਵਿਭਾਗ ਪੰਜਾਬ ਵਿੱਚ ਲੰਮਾ ਸਮਾਂ ਉੱਚ ਅਧਿਕਾਰੀ ਰਹੇ ਪਿਆਰੇ ਵੀਰ ਡਾ. ਚਮਨ ਲਾਲ ਵਸ਼ਿਸ਼ਟ ਦਾ ਦੁੱਖਦਾਈ ਵਿਛੋੜਾ ਸਮੁੱਚੇ ਪੰਜਾਬੀਆਂ ਲਈ ਬਹੁਤ ਹੀ ਵੱਡਾ ਹੈ। ਜਿਸ ਸਮਰਪਿਤ ਭਾਵਨਾ ਨਾਲ ਡਾ. ਵਸ਼ਿਸ਼ਟ ਨੇ ਦੋਆਬਾ ਖੇਤਰ ਵਿੱਚ ਕਿਸਾਨ ਸੰਗਠਨਾਂ ਨੂੰ ਆਤਮ ਵਿਸ਼ਵਾਸ ਦੇ ਕੇ ਵਿਕਾਸ ਦੇ ਰਾਹ ਤੋਰਿਆ, ਉਸ ਦੀ ਮਿਸਾਲ ਲੱਭਣੀ ਆਸਾਨ ਨਹੀਂ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡਾ. ਵਸ਼ਿਸ਼ਟ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਹੈ ਤਿ ਵਿਗਿਆਨ ਤੇ ਸਾਹਿੱਤ ਦਾ ਸੁਮੇਲ ਕਰਕੇ ਛੋਟੇ ਕਿਸਾਨਾਂ ਨੂੰ ਨਵੀਆਂ ਫ਼ਸਲਾਂ ਦੱਸਣ ਵਾਲਾ ਰਾਹ ਦਿਸੇਰਾ ਚਲਾ ਗਿਆ ਹੈ। ਪਿਛਲੇ ਲਗਪਗ ਤੀਹ ਸਾਲ ਦੀ ਸਾਂਝ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਉਹ ਜਿੱਥੇ ਵੀ ਰਹੇ, ਹਰ ਹਾਲਾਤ ਵਿੱਚ ਕਿਸਾਨ ਪੱਖੀ ਰਹੇ।

ਡਾ. ਵਸ਼ਿਸ਼ਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ , ਕਾਲਜ ਆਫ ਐਗਰੀਕਲਚਰ ਦੇ ਰੌਸ਼ਨ ਦਿਮਾਗ ਵਿਦਿਆਰਥੀ ਰਹੇ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਰਹਿਣ ਕਾਰਨ ਸਾਰੀ ਉਮਰ ਵਿਦਿਆਰਥੀਆ , ਮੁਲਾਜ਼ਮਾਂ ਦੇ ਹਕਾਂ ਲਈ, ਜੂਝਦੇ ਰਹੇ।

ਡਾ. ਚਮਨ ਲਾਲ ਵਸ਼ਿਸ਼ਟ ਦਾ ਅੰਤਿਮ ਸੰਸਕਾਰ ਹੁਸ਼ਿਆਰਪੁਰ ਸਥਿਤ ਸਮਸ਼ਾਨਘਾਟ ਵਿਖੇ ਹੋਵੇਗਾ ! ਉਹ ਕਿਸਾਨਾਂ ਦੀ ਜਥੇਬੰਦੀ ਫੈਪਰੋ ਦੇ ਬਾਨੀ ਮਾਹਰਾਂ ਵਿਚੋਂ ਸਨ।

## ਤਰਕਸ਼ੀਲਾਂ ਨੇ ਸਰਕਾਰੀ ਹਾਈ ਸਕੂਲ ਕੁਲਾਰ ਖ਼ੁਰਦ ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ

### ਪ੍ਰੋਗਰਾਮ ਦੁਰਾਨ ਚੇਤਨਾ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਤੇ ਸਹਿਯੋਗੀ ਅਧਿਆਪਕਾਂ ਦਾ ਸਨਮਾਨ ਕੀਤਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 31 ਜਨਵਰੀ: ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਅੱਜ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਤੇ ਲੈਕਚਰਾਰ ਜਸਦੇਵ ਸਿੰਘ ਆਧਾਰਤ ਤਰਕਸ਼ੀਲ ਟੀਮ ਵੱਲੋਂ ਸਰਕਾਰੀ ਹਾਈ ਸਕੂਲ ਕੁਲਾਰ ਖ਼ੁਰਦ ਵਿਖੇ ਇਕ ਸਿਖਿਆਦਾਇਕ ਵਿਗਿਆਨਕ ਵਿਚਾਰਾਂ ਵਾਲਾ ਤਰਕਸ਼ੀਲ ਪਰੋਗਰਾਮ ਦਿੱਤਾ । ਸਕੂਲ ਦੇ ਅਧਿਆਪਕ ਭੁਪਿੰਦਰ ਸਿੰਘ ਨੇ ਤਰਕਸ਼ੀਲ ਟੀਮ





ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਸੁਨੇਹੇ ਬਾਰੇ ਦੱਸਿਆ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਤੇ ਲੈਕਚਰਾਰ ਜਸਦੇਵ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਆਪਣੇ ਸੰਬੋਧਨ ਵਿੱਚ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਸੱਦਾ ਦਿੱਤਾ।ਉਨਾਂ ਵਿਦਿਆਰਥੀਆਂ ਨੂੰ ਇਮਾਨਦਾਰੀ ਅਤੇ ਵਿਗਿਆਨਕ ਨੁਕਤੇ ਕੀ,ਕਿਉਂ ਕਿਵੇਂ ਆਦਿ ਜਿਹੜੇ ਹਰ ਕੁਦਰਤੀ ਤੇ ਸਮਾਜਿਕ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਨਣ ਲਈ ਜਰੂਰੀ ਹੁੰਦੇ ਹਨ ,ਅਪਨਾਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਅਸੀਂ ਜਿੰਨੀ ਛੇਤੀ ਗੈਰ ਵਿਗਿਆਨਕ ਰੀਤੀ-ਰਿਵਾਜਾਂ ਤੋਂ ਸਮਾਜਿਕ ਰੂਪ ਵਿੱਚ ਪਿੱਛਾ ਛੁਡਵਾ ਲਵਾਂਗੇ, ਉਨ੍ਹੀ ਛੇਤੀ, ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋਣੀਆਂ ਸ਼ੁਰੂ ਹੋ ਜਾਣਗੀਆਂ।

ਉਨ੍ਹਾਂ ਕਿਹਾ ਕਿ ਮਨੁੱਖ ਦਾ ਸਭ ਤੋਂ ਨੇੜਲਾ ਸਾਥੀ ਉਸਦਾ ਦਿਮਾਗ਼ ਹੈ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਛੇਵੀਂ ਚੇਤਨਾ ਪਰਖ਼ ਪ੍ਰੀਖਿਆ ਵਿੱਚ, ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਪੱਤਰ ਤੇ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨ ਪੱਤਰ ਤੇ ਪੁਸਤਕਾਂ 'ਇਲਮ ਤੋਂ ਇਖਲਾਕ ਤਕ' ਤੇ 'ਮਨੁੱਖੀ ਸ਼ਖ਼ਸੀਅਤ ਦਾ ਸੱਚ' ਦੇ ਕੇ ਸਨਮਾਨਿਤ ਕੀਤਾ।

ਅੱਜ ਦੇ ਇਸ ਸਮਾਗਮ ਵਿੱਚ ਦਵਿੰਦਰ ਕੌਰ, ਨਵਨੀਤ ਸਿੰਘ, ਸਰੁਚੀ ਗੋਇਲ, ਭੁਪਿੰਦਰ ਸਿੰਘ, ਬੰਪਰਜੋਤ ਪਰਮਾਰ, ਨੀਤੂ ਰਾਣੀ, ਸਿਲਕੀ, ਗੀਤਾ ਰਾਣੀ, ਵਿਜੈ ਕੁਮਾਰ, ਸਰਬਜੀਤ ਸਿੰਘ, ਪ੍ਰਿਯੰਕਾ ਗੁਪਤਾ ਅਧਿਆਪਕਾਂ ਤੇ ਸੇਵਾਦਾਰ ਪਰਵਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ। ਸਕੂਲ ਦੇ ਮੁੱਖ ਅਧਿਆਪਕ ਚੰਦਰ ਭਾਨ ਜੀ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਲਈ ਪ੍ਰੇਰਿਆ। ਸਮਾਗਮ ਭਾਵਪੂਰਨ ਰਿਹਾ।

## ਪੰਜਾਬ ਦੇ ਪੁਆਧ ਇਲਾਕੇ ਦੀ ਪਹਿਲੀ ਪੁਆਧੀ ਡਾਕੂਮੈਂਟਰੀ ਫਿਲਮ ਪੰਜਾਬੀ ਮੂਵੀ ਹੈ,"ਦ ਲੀਜੈਂਡ ਭਗਤ ਆਸਾ ਰਾਮ ਜੀ" :- ਲੇਖਕ ਤੇ ਡਾਇਰੈਕਟਰ ਵਿੱਕੀ ਸਿੰਘ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ




ਪੰਜਾਬੀ ਸੰਗੀਤ ਜਗਤ ਨੂੰ ਆਪਣੀ ਮੰਝੀ ਹੋਈ ਗਾਇਕੀ ਤੇ ਦਮਦਾਰ ਬੁਲੰਦ ਆਵਾਜ ਅਤੇ ਪੰਜਾਬੀ ਸੱਭਿਆਚਾਰਕ ,ਰੀਤੀ ਰਿਵਾਜਾਂ ਨਾਲ ਜੁੜੇ , ਮੁਹੱਬਤੀ ਸਾਂਝ ਦਾ ਬੋਲਬਾਲਾ ਕਰਦੇ ,ਕਈ ਬੇਹਤਰੀਣ ਗੀਤ ਪੰਜਾਬੀ ਸੰਗੀਤ ਜਗਤ ਨੂੰ ਦੇ ਚੁੱਕੇ ਹਨ, ਚਰਚਿਤ ਲੋਕ ਗਾਇਕ 'ਦਿਲਬਾਗ ਚਹਿਲ' , ਜਿੰਨ੍ਹਾਂ ਨੇ ਪਿਛਲੇ ਸਾਲ 2024 ਵਿਚ ਸੁਪਰਹਿੱਟ ਮੂਵੀ 'ਸੁੱਚਾ ਸੂਰਮਾ' ਜਿਸ ਨੂੰ ਡਾਇਰੈਕਟਰ ਅਮਿਤੋਜ ਮਾਨ ਨੇ ਡਾਇਰੈਕਟ ਕੀਤਾ ਤੇ ਬਿਹਤਰੀਨ ਚਰਚਿਤ ਲੋਕ ਗਾਇਕ ਤੇ ਅਦਾਕਾਰ ਲੀਜੈਂਡ ਬੱਬੂ ਮਾਨ ਹਨ ਅਤੇ ਇਸ ਸੁਪਰਹਿੱਟ ਮੂਵੀ ਨੇ ਪੂਰੀ ਦੁਨੀਆਂ ਵਿਚ ਤਹਿਲਕਾ ਮਚਾਇਆ। ਏਸੇ ਫਿਲਮ ਦਾ ਹਿੱਸਾ ਰਹੇ 'ਦਿਲਬਾਗ ਚਹਿਲ' ਆਪਣਾ ਸੁਮਾਰ ਕਰਾਉਣ, ਖੂਬਸੂਰਤ ਗੀਤ 'ਕਿਰਦਾਰ' ਸੰਗੀਤ ਪ੍ਰੇਮੀਆਂ ਨਾਲ ਸਾਂਝ ਪਾ ਰਹੇ ਹਨ। ਇਸ ਗੀਤ ਦੇ ਜਨਮ ਦਾਤਾ ਤੇ ਕੰਮਪੋਜ਼ਰ 'ਸੇਵਕ ਬਰਾੜ'( ਖੋਖਰ) ਹਨ । ਇਸ ਨੂੰ ਗੀਤ ਨੂੰ ਖੂਬਸੂਰਤ ਧੁੰਨਾ ਨਾਲ ਸਿੰਗਾਰਿਆਂ 'ਰੌਕ ਫਿਊਜ਼ਨ' ਨੇ , ਗੀਤ ਦੀ ਵੀਡੀਓਗ੍ਰਫੀ 'ਗੁਰਮੀਤ ਫੋਟੋਜੈਨਿਕ' ਵਲੋ ਖੂਬਸੂਰਤ ਲੋਕੇਸ਼ਨ ਤੇ ਫਿਲਮਾਇਆ ਹੈ।ਇਸ ਵਿਚ ਸਟਾਰ ਕਾਸਟ ਵਜੋਂ ਦੀਪ ਕੰਡਿਆਰਾ,ਬਰਕਤ ਗੀਤ ਤੇ ਦਿਲਜੀਤ ਆਦਿ ਨੇ ਕੀਤਾ। ਇਸ ਪ੍ਰਾਜੈਕਟ ਨੂੰ ਪ੍ਰੋਜੈਕਟਰ ਰਾਜਿੰਦਰ ਨਾਗੀ ਤੇ ਪ੍ਰੋਡਿਊਸਰ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ। ਇਸ ਗੀਤ ਦਾ ਖੂਬਸੂਰਤ ਪੋਸਟਰ ਡਿਜ਼ਾਈਨਰ 'ਮਨੀ ਸੰਘੇੜਾ' ਵੱਲੋ ਤਿਆਰ ਕੀਤਾ। ਪਿਆਰੇ ਮਿੱਤਰ ਪ੍ਰਸਿੱਧ ਲੋਕ ਗਾਇਕ ਦਿਲਬਾਗ ਚਹਿਲ ਜੀ ਤੇ ਸਮੁੱਚੀ ਟੀਮ ਨੂੰ ਮੁਬਾਰਕਬਾਦ। ਆਮੀਨ

## ਨੀ ਮੈਂ ਕਮਲੀ ਹਾਂ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਹਾਏ ਨੀ
ਸੁਣੋ ਨੀ

ਸਖੀਓ ਸਹੇਲੜੀਓ
ਨੀ ਮੈਂ ਕਮਲੀ ਹਾਂ ।

ਕਮਲੀ ਹਾਂ ਮੈਂ ਆਪਣੇ ਯਾਰ ਦੀ
ਕਮਲੀ ਹਾਂ ਮੈਂ ਉਸਦੇ ਇਸ਼ਕ ਦੀ
ਕਮਲੀ ਹਾਂ ਮੈਂ ਉਸਦੀ ਚਾਹਤ ਦੀ
ਕਮਲੀ ਹਾਂ ਮੈਂ ਉਸਦੀ ਪੂਜਾ ਦੀ
ਕਮਲੀ ਹਾਂ ਮੈਂ ਉਸਦੇ ਇਸ਼ਟ ਦੀ
ਕਮਲੀ ਹਾਂ ਮੈਂ ਉਸਦੀ ਇਬਾਦਤ ਦੀ
ਕਮਲੀ ਹਾਂ ਮੈਂ ਉਸਦੇ ਧਿਆਨ ਦੀ
ਕਮਲੀ ਹਾਂ ਮੈਂ ਉਸਦੀ ਯਾਦ ਦੀ
ਕਮਲੀ ਹਾਂ ਮੈਂ ਉਸਦੇ ਸੁਪਨਿਆਂ ਦੀ
ਕਮਲੀ ਹਾਂ ਮੈਂ ਉਸਦੀ ਮਹਿਕ ਦੀ
ਕਮਲੀ ਹਾਂ ਮੈਂ ਉਸਦੀ ਅਵਾਜ਼ ਦੀ
ਕਮਲੀ ਹਾਂ ਮੈਂ ਉਸਦੀ ਇਕ ਝਲਕ ਦੇਖਣ ਦੀ ।

ਹਾਏ ਨੀ
ਸੁਣੋ ਨੀ


ਸਖੀਓ ਸਹੇਲੜੀਓ
ਨੀ ਮੈਂ ਕਮਲੀ ਹਾਂ ।

ਕਮਲੀ ਹਾਂ ਮੈਂ ਆਪਣੇ ਰਾਂਝੇ ਦੀ
ਕਮਲੀ ਹਾਂ ਮੈਂ ਆਪਣੇ ਮਹੀਂਵਾਲ ਦੀ
ਕਮਲੀ ਹਾਂ ਮੈਂ ਆਪਣੇ ਮਿਰਜ਼ੇ ਦੀ
ਕਮਲੀ ਹਾਂ ਮੈਂ ਆਪਣੇ ਫਰਿਹਾਦ ਦੀ
ਕਮਲੀ ਹਾਂ ਮੈਂ ਆਪਣੇ ਪੁਨੂੰ ਦੀ
ਕਮਲੀ ਹਾਂ ਮੈਂ ਆਪਣੇ ਮਜਨੂੰ ਦੀ
ਕਮਲੀ ਹਾਂ ਮੈਂ ਆਪਣੇ ਗੁਰਦੇਵ ਦੀ
ਕਮਲੀ ਹਾਂ ਮੈਂ ਉਸਦੀ ਮੁਹੱਬਤ ਦੀ
ਕਮਲੀ ਹਾਂ ਮੈਂ ਆਪਣੇ ਕਮਲੇ ਦੇ ਇਸ਼ਕ ਦੀ
ਕਮਲੀ ਹਾਂ ਮੈਂ ਆਪਣੇ ਮਹਿਬੂਬ ਦੀ
ਕਮਲੀ ਹਾਂ ਆਪਣੇ ਮੁਰਸ਼ਦ ਦੀ ।

ਹਾਏ ਨੀ
ਸੁਣੋ ਨੀ

ਸਖੀਓ ਸਹੇਲੜੀਓ
ਨੀ ਮੈਂ ਕਮਲੀ ਹਾਂ ।
ਹਾਏ ਨੀ
ਨੀ ਮੈਂ ਕਮਲੀ ਹਾਂ
ਸੱਚੀ ਮੈਂ ਕਮਲੀ ਹਾਂ ।
ਮੈਂ ਕਮਲੀ ਹਾਂ
ਮੈਂ ਕਮਲੀ ਹਾਂ ।

## ਅੱਖਾਂ ਥੱਕੀਆਂ ਸੀ



ਵਰਲਡ ਪੰਜਾਬੀ ਟਾਈਮਜ਼
ਅਮਨ ਗਿੱਲ

ਪੁੱਛ ਸਾਡੇ ਰੱਬ ਤੋਂ ਕੱਲੇ ਖੜੇ ਕੱਲੇ ਅੜੇ
ਜਦ ਘੇਰੇ ਬਿਪਤਾ ਨੇ ਪਾਏ ਹੋਏ ਸੀ,

ਕੋਈ ਆਣ ਕੇ ਨਾ ਸਾਡੇ ਪੱਖ ਵਿੱਚ ਖੜਿਆ
ਉਂਝ ਲੋਕ ਜਿੰਦਗੀ ਚ ਬੜੇ ਆਏ ਹੋਏ ਸੀ,

ਅੱਖਾਂ ਥੱਕੀਆਂ ਸੀ ਸਮਾਂ ਚੰਗਾ ਉਡੀਕ ਦੀਆਂ
ਮਾੜੇ ਵਕਤਾਂ ਦੇ ਬੜੇ ਹੀ ਸਤਾਏ ਹੋਏ ਸੀ,

ਔਖਾ ਹੋ ਗਿਆ ਸੀ ਹੱਥ ਘੁੱਟ ਕੇ ਜਿਊਣਾ
ਕਿੰਨਿਆਂ ਨੇ ਗਲ਼ ਅੰਗੂਠੇ ਲਾਏ ਹੋਏ ਸੀ,

ਬਾਪੂ ਆਖੀਰ ਤੱਕ ਦਿੰਦਾ ਰਿਹਾ ਹੱਲਾਸ਼ੇਰੀਆਂ
ਉਂਝ ਮੈਨੂੰ ਪਤਾ ਅਸੀਂ ਡੁੱਬਣੇ ਤੇ ਆਏ ਹੋਏ ਸੀ,

ਛਾਵਾਂ ਹੋਣੀਆਂ ਸੀ ਓਸ ਦੀਆਂ ਗੂੜੀਆਂ
ਬੂਟੇ ਹੱਥੀਂ ਮੇਰੀ ਮਾਂ ਨੇ ਜੋ ਲਾਏ ਹੋਏ ਸੀ ।

## ਬਲਵਿੰਦਰ ਕੌਰ ਚੱਠਾ ਦੀ ਪੁਸਤਕ 'ਨੈਤਿਕਤਾ' ਬੱਚਿਆਂ ਲਈ ਪ੍ਰੇਰਨਾਸ੍ਰੋਤ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਬਲਵਿੰਦਰ ਕੌਰ ਚੱਠਾ ਦੀ ਸੰਪਾਦਿਤ ਕੀਤੀ ਪੁਸਤਕ ਪੰਜਾਬ ਦੀ ਖ਼ੁਸ਼ਹਾਲੀ, ਤਰੱਕੀ, ਸਮਾਜਿਕ ਅਤੇ ਸਭਿਅਚਾਰਕ ਪ੍ਰਫੁਲਤਾ ਲਈ ਬਿਹਤਰੀਨ ਸਾਬਤ ਹੋ ਸਕਦੀ ਹੈ, ਬਸ਼ਰਤੇ ਇਹ ਪੁਸਤਕ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਘਰਾਂ/ਸਕੂਲਾਂ ਵਿੱਚ ਪੜ੍ਹਾਈ ਜਾਵੇ। ਇਹ ਪੁਸਤਕ ਇਨਸਾਨ ਨੂੰ ਸੰਪੂਰਨ ਬਣਾਉਣ ਵਿੱਚ ਵੀ ਸਹਾਈ ਹੋਵੇਗੀ। ਵੈਸੇ ਨੈਤਿਕਤਾ ਸਮਾਜ ਦੇ ਹਰ ਵਰਗ ਬੱਚੇ, ਵਿਦਿਆਰਥੀ, ਨੌਜਵਾਨ ਅਤੇ ਬਜ਼ੁਰਗਾਂ ਲਈ ਵੀ ਜ਼ਰੂਰੀ ਹੈ, ਜੇਕਰ ਬੱਚਿਆਂ ਵਿੱਚ ਨੈਤਿਕਤਾ ਦਾ ਗੁਣ ਆ ਜਾਵੇ ਤਾਂ ਭਵਿਖ ਵਿੱਚ ਸਮੁੱਚਾ ਸਮਾਜ ਹੀ ਨੈਤਿਕਤਾ ਦਾ ਪਹਿਰੇਦਾਰ ਬਣ ਜਾਵੇਗਾ। ਨੌਜਵਾਨ ਵਰਗ ਪੰਜਾਬ/ਦੇਸ਼ ਦਾ ਭਵਿਖ ਸੁਨਹਿਰਾ ਬਣਾ ਸਕਦਾ ਹੈ। ਇਸੇ ਮੰਤਵ ਨਾਲ ਇਹ ਪੁਸਤਕ ਬਲਵਿੰਦਰ ਕੌਰ ਚੱਠਾ ਨੇ ਸੰਪਾਦਿਤ ਕੀਤੀ ਹੈ। ਇਹ ਪੁਸਤਕ ਬੱਚਿਆਂ ਨੂੰ ਘਰਾਂ ਵਿੱਚ ਪੜ੍ਹਾਉਣ ਲਈ ਮਾਪਿਆਂ ਦਾ ਸਹਿਯੋਗ ਤੇ ਸਾਥ ਅਤੇ ਸਕੂਲਾਂ ਵਿੱਚ ਸਲੇਬਸ ਦਾ ਹਿੱਸਾ ਬਣਾਉਣ ਵਿੱਚ ਪੰਜਾਬ ਸਰਕਾਰ ਅਤੇ ਖਾਸ ਤੌਰ 'ਤੇ ਬਿਓਰੋਕਰੇਸੀ ਨੂੰ ਜ਼ਿੰਮੇਵਾਰੀ ਮਹਿਸੂਸ ਕਰਨ ਦੀ ਲੋੜ ਹੋਵੇਗੀ। ਪੰਜਾਬ ਦੇ ਵਰਤਮਾਨ ਹਾਲਾਤ ਅਜਿਹੇ ਹਨ ਕਿ ਪੰਜਾਬੀ ਉਦਮੀ ਹੋਣ ਕਰਕੇ ਸਿਰਫ਼ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਦੇ ਮਕਸਦ ਨਾਲ ਬੱਚਿਆਂ ਨੂੰ ਪੜ੍ਹਾਈ ਕਰਵਾਉਂਦੇ ਹਨ। ਅੱਖਰੀ ਪੜ੍ਹਾਈ ਮੈਡੀਕਲ, ਆਰਟਸ, ਇੰਜਿਨੀਅਰਿੰਗ ਅਤੇ ਭਾਵੇਂ ਕਿਸੇ ਵੀ ਫੀਲਡ ਦੀ ਹੋਵੇ ਉਹ ਰੋਜ਼ੀ ਰੋਟੀ ਲਈ ਤਾਂ ਸਹਾਈ ਹੋ ਸਕਦੀ ਹੈ ਪ੍ਰੰਤੂ ਨੈਤਿਕ ਜ਼ਿੰਦਗੀ ਜਿਓਣ ਵਿੱਚ ਮਦਦਗਾਰ ਨਹੀਂ ਹੋ ਸਕਦੀ ਕਿਉਂਕਿ ਵਿਓਪਾਰ ਜਾਂ ਕਾਰੋਬਾਰ ਭਾਵੇਂ ਉਹ ਕਿਸੇ ਕਿਸਮ ਦਾ ਹੋਵੇ ਉਸ ਵਿੱਚ ਨੈਤਿਕਤਾ ਦੇ ਅਸੂਲਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਜਾਂਦਾ ਹੈ ਪ੍ਰੰਤੂ ਜੇਕਰ ਨੈਤਿਕਤਾ ਅਪਣਾਈ ਜਾਵੇ ਤਾਂ ਵਿਓਪਾਰ ਸਮੇਤ ਸਾਰੇ ਕਾਰਜ ਸੁਚੱਜੇ ਢੰਗ ਨਾਲ ਚਲ ਸਕਦੇ ਹਨ। ਜ਼ਿੰਦਗੀ ਵਿੱਚ ਪੈਸਾ ਮੁੱਢਲੀ ਜ਼ਰੂਰਤ ਹੈ ਪ੍ਰੰਤੂ ਸਭ ਕੁਝ ਨਹੀਂ, ਪੈਸਾ ਕਮਾਉਣ ਲਈ ਝੂਠ, ਫ਼ਰੇਬ, ਧੋਖ਼ੇ ਅਤੇ ਬੇਈਮਾਨੀ ਭਾਰੂ ਹੁੰਦੀ ਹੈ। ਨੈਤਿਕਤਾ ਇਨ੍ਹਾਂ ਸਾਰੀਆਂ ਅਲਾਮਤਾਂ ਤੋਂ ਖਹਿੜਾ ਛੁਡਾਉਂਦੀ ਹੈ। ਨੈਤਿਕਤਾ ਦੇ ਅਸੂਲਾਂ 'ਤੇ ਚਲਣ ਨਾਲ ਇਨਸਾਨੀਅਤ ਤੇ ਸਮਾਜ ਸੰਤੁਸ਼ਟ, ਸ਼ਾਂਤ 'ਤੇ ਖ਼ੁਸ਼ਹਾਲ ਹੋਣਗੇ। ਇਹ ਪੁਸਤਕ ਇਸ ਮੰਤਵ ਲਈ ਇੱਕ ਅਮੁਲ ਖ਼ਜ਼ਾਨਾ ਹੈ, ਇਸ ਵਿੱਚ ਅਨੇਕਾਂ ਅਜਿਹੇ ਗੁਰ ਦੱਸੇ ਗਏ ਹਨ, ਜਿਹੜੇ ਨੈਤਿਕਤਾ ਦਾ ਪੱਲਾ ਫੜ੍ਹਨ ਦੀ ਤਾਕੀਦ ਕਰਦੇ ਹਨ। ਅਜੋਕੇ ਸਮੇਂ ਹਰ ਖੇਤਰ ਵਿੱਚ ਤੇਜ਼ੀ ਨਾਲ ਤਬਦੀਲੀ ਹੋ ਰਹੀ ਹੈ, ਤਬਦੀਲੀ ਵਿਕਾਸ ਦੀ ਨਿਸ਼ਾਨੀ ਹੁੰਦੀ ਹੈ। ਇਸ ਤਬਦੀਲੀ ਦਾ ਲਾਭ ਨੈਤਿਕਤਾ ਨਾਲ ਲਿਆ ਜਾ ਸਕਦਾ ਹੈ। ਪੁਸਤਕ ਵਿੱਚ ਦੱਸਿਆ ਗਿਆ ਹੈ, ਨੈਤਿਕਤਾ ਸਿਰਫ ਇੱਕ ਸ਼ਬਦ ਹੀ ਨਹੀਂ ਸਗੋਂ ਇਸ ਵਿੱਚ ਸਮੁੱਚਾ ਵਿਅਕਤਿਤਵ ਆ ਜਾਂਦਾ ਹੈ। ਵਿਅਕਤਿਤਵ ਵਿੱਚ ਸਾਡਾ, ਸਲੀਕਾ, ਵਿਵਹਾਰ, ਵਫ਼ਾਦਾਰੀ, ਪਿਆਰ-ਸਤਿਕਾਰ, ਸਭਿਆਚਾਰ, ਰਹਿਣ-ਸਹਿਣ, ਵਿਸ਼ਵਾਸ, ਨਿਮਰਤਾ, ਭਾਈਚਾਰਕ ਸਾਂਝ, ਮਿਠਾਸ, ਇਮਾਨਦਾਰੀ, ਸੱਚ ਬੋਲਣਾ, ਕਿਰਤ ਕਰਨਾ, ਮੁਆਫ਼ ਕਰਨਾ, ਬੋਲਚਾਲ, ਖਾਣ-ਪੀਣ ਅਤੇ ਹੋਰ ਬਹੁਤ ਸਾਰੀਆਂ ਕੀਮਤੀ ਪਰੰਪਰਾਵਾਂ ਦਾ ਸਮੂਹ ਆ ਜਾਂਦਾ ਹੈ, ਜਿਹੜਾ ਜ਼ਿੰਦਗੀ ਦਾ ਅਸਲ ਮਕਸਦ ਪੂਰਾ ਕਰਦਾ ਹੈ। ਇਸ ਦੀ ਪੂਰਤੀ ਲਈ ਇਹ ਪੁਸਤਕ ਅਤਿਅੰਤ ਸਾਰਥਿਕ ਹੋ ਸਕਦੀ ਹੈ। ਬਲਵਿੰਦਰ ਕੌਰ ਚੱਠਾ ਨੇ ਇਸ ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਨੈਤਿਕਤਾ ਬਾਰੇ ਜਾਣਕਾਰੀ ਦੇਣ ਲਈ ਲੇਖ ਅਤੇ ਦੂਜੇ ਭਾਗ ਵਿੱਚ ਮਿੰਨੀ ਕਹਾਣੀਆਂ ਹਨ। ਪੁਸਤਕ ਵਿੱਚ ਨੈਤਿਕਤਾ ਬਾਰੇ 29 ਛੋਟੇ-ਛੋਟੇ ਲੇਖ, 30 ਕਹਾਣੀਆਂ ਅਤੇ ਅਖ਼ੀਰ ਵਿੱਚ ਜ਼ਿੰਦਗੀ ਜਿਓਣ ਦੇ ਹੁਨਰ ਸਿੱਖਣ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਵਿੱਚ ਦੋਸਤੀ, ਸੱਚਾਈਆਂ, ਹਰੇਕ ਚੀਜ਼ ਦੀ ਮਹੱਤਤਾ, ਸੱਚ ਤਾਂ ਬੋਲੋ, ਪਰ ਕਦੇ ਵੀ ਕਿਸੇ ਦਾ ਨੁਕਸਾਨ ਨਾ ਕਰੋ, ਨੈਤਿਕਤਾ ਦੀ ਅਹਿਮੀਅਤ ਅਤੇ ਕੁਝ ਸਵਾਲ ਜਵਾਬ ਹਨ। ਇਨ੍ਹਾਂ ਲੇਖਾਂ ਅਤੇ ਕਹਾਣੀਆਂ ਨੂੰ ਪੜ੍ਹਨ ਤੋਂ ਬਾਅਦ ਬੱਚਿਆਂ ਦੇ ਕੋਮਲ ਮਨਾਂ 'ਤੇ ਗਹਿਰਾ ਪ੍ਰਭਾਵ ਪਵੇਗਾ ਤੇ ਫਿਰ ਉਹ ਸਾਰੀ ਉਮਰ ਸਚਾਈ ਦੇ ਮਾਰਗ 'ਤੇ ਚਲਣ ਦਾ ਪ੍ਰਣ ਕਰਨਗੇ। ਹਰ ਲੇਖ ਵਿੱਚ ਉਸ ਲੇਖ ਦੇ ਵਿਸ਼ੇ 'ਤੇ ਅਧਾਰਤ ਅਖ਼ੀਰ ਵਿੱਚ ਕੁਝ ਪ੍ਰਸ਼ਨ ਦਿੱਤੇ ਹੋਏ ਹਨ। ਉਨ੍ਹਾਂ ਪ੍ਰਸ਼ਨਾ ਦੇ ਉਤਰ ਖਾਲ੍ਹੀ ਥਾਵਾਂ ਛੱਡਕੇ ਬਚਿਆਂ ਦੇ ਭਰਨ ਲਈ ਦਿੱਤੇ ਗਏ ਹਨ। ਜਦੋਂ ਬੱਚੇ ਇਹ ਖਾਲ੍ਹੀ ਥਾਵਾਂ ਭਰਨਗੇ ਤਾਂ ਉਨ੍ਹਾਂ ਵਿੱਚ ਇਹ ਗੁਣ ਘਰ ਕਰ ਜਾਣਗੇ, ਕਿਉਂਕਿ ਖਾਲ੍ਹੀ ਥਾਵਾਂ ਲੇਖ ਨੂੰ ਪੜ੍ਹੇ ਅਤੇ ਸਮਝੇ ਬਿਨਾਂ ਨਹੀਂ ਭਰੇ ਜਾ ਸਕਦੇ, ਫਿਰ ਲੇਖ ਦਾ ਮੰਤਵ ਪੂਰਾ ਹੋ ਜਾਵੇਗਾ। ਪੁਸਤਕਾਂ ਵਿੱਚ ਲਿਖਿਆ ਬੱਚਿਆਂ ਲਈ ਰੱਬ ਦੇ ਬਰਾਬਰ ਹੁੰਦਾ ਹੈ। ਜਦੋਂ ਬੱਚਿਆਂ ਨੂੰ ਕਿਸੇ ਸਵਾਲ ਦੇ ਜਵਾਬ ਦੀ ਸਾਰਥਿਕਤਾ ਬਾਰੇ ਪੁਛਿਆ ਜਾਂਦਾ ਹੈ ਤਾਂ ਉਹ ਇਹੋ ਕਹਿੰਦੇ ਹਨ ਕਿ ਪੁਸਤਕ ਵਿੱਚ ਲਿਖਿਆ ਹੋਇਆ ਹੈ। ਇਸ ਲਈ ਇਹ ਪੁਸਤਕ ਬੱਚਿਆਂ ਉਪਰ ਗਹਿਰਾ ਪ੍ਰਭਾਵ ਪਾ ਸਕਦੀ ਹੈ। ਨੈਤਿਕ ਕਦਰਾਂ ਕੀਮਤਾਂ ਨਰੋਏ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਤਿਅੰਤ ਜ਼ਰੂਰੀ ਹਨ। ਮਾਪਿਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਦੇ ਪ੍ਰੇਰਨਸ੍ਰੋਤ ਬਣਨਾ ਚਾਹੀਦਾ ਹੈ। ਨੈਤਿਕਤਾ ਨੂੰ ਸਿਖਾਉਣ ਤੇ ਉਸ 'ਤੇ ਅਮਲ ਕਰਨ ਲਈ ਅਧਿਆਪਕ ਅਤੇ ਮਾਪੇ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੈਤਿਕਤਾ ਦਾ ਆਧਾਰ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨੈਤਿਕਤਾ ਦਾ ਸੰਕਲਪ' ਸਿਰਲੇਖ ਵਾਲੇ ਲੇਖ ਵਿੱਚ ਦੱਸਿਆ ਗਿਆ ਹੈ ਕਿ ਸਚਾਈ, ਆਚਾਰ, ਪਿਆਰ, ਸ਼ਹਿਸ਼ੀਲਤਾ, ਭਾਈਚਾਰਕ ਸਾਂਝ, ਕਿਰਤ ਕਰਨੀ, ਸੇਵਾ, ਇਮਾਨਦਾਰੀ, ਆਗਿਆਕਾਰੀ, ਮੰਦਾ ਨਾ ਬੋਲਣਾ, ਸੰਜਮਤਾ, ਸੂਰਬੀਰਤਾ, ਸਵੈਭਰੋਸੇਯੋਗਤਾ, ਖਿਮਾ ਕਰਨੀ, ਘੁਮੰਢ ਨਾ ਕਰਨਾ, ਧੀਰਜ, ਸਵੈ ਪੜਚੋਲ ਅਤੇ ਇਸਤਰੀ ਦਾ ਸਨਮਾਨ ਕਰਨਾ ਵਰਗੀਆਂ ਬੇਸ਼ਕੀਮਤੀ ਸਿਖਿਆਵਾਂ ਦੀ ਜਾਣਕਾਰੀ ਮਿਲਦੀ ਹੈ। ਇਹ ਸਭ ਨੈਤਿਕਤਾ ਦੇ ਹੀ ਨੁਕਤੇ ਹਨ। ਇਨ੍ਹਾਂ 'ਤੇ ਅਮਲ ਕਰਨਾ ਜ਼ਰੂਰੀ ਹੈ। ਧਰਮ ਕਿਸੇ ਦਾ ਬੁਰਾ ਨਹੀਂ ਕਰਦਾ। ਇਸ ਲਈ ਧਰਮ ਅਤੇ ਨੈਤਿਕਤਾ ਇੱਕ ਦੂਜੇ ਦੇ ਪੂਰਕ ਹਨ।

ਦੂਜੇ ਭਾਗ ਕਹਾਣੀਆਂ ਵਿੱਚ ਵੀ ਲੇਖਾਂ ਵਾਲੇ ਵਿਸ਼ੇ ਹੀ ਹਨ, ਜਿਹੜੇ ਨੈਤਿਕਤਾ ਦਾ ਜੀਵਨ ਜਿਓਣ ਦੀ ਸਿਖਿਆ ਦਿੰਦੇ ਹਨ ਪ੍ਰੰਤੂ ਲੇਖਾਂ ਨਾਲੋਂ ਇਕ ਅੰਤਰ ਇਹ ਹੈ ਕਿ ਕਹਾਣੀਆਂ ਪੜ੍ਹਨ ਦਾ ਬੱਚਿਆਂ ਨੂੰ ਸ਼ੌਕ ਹੁੰਦਾ ਹੈ ਅਤੇ ਇਹ ਦਿਲਚਸਪ ਵੀ ਹੁੰਦੀਆਂ ਹਨ। ਕਹਾਣੀਆਂ ਪੜ੍ਹਨ ਵਿੱਚ ਬੱਚੇ ਜ਼ਿਆਦਾ ਦਿਲਚਸਪੀ ਲੈਂਦੇ ਹਨ। ਕਹਾਣੀਆਂ ਵਿੱਚ ਕੁਝ ਨੁਕਤਿਆਂ ਬਾਰੇ ਦੱਸਿਆ ਗਿਆ ਹੈ ਕਿ ਜਿਵੇਂ ਜ਼ਿੰਦਗੀ ਲਈ ਸਾਹ ਜ਼ਰੂਰੀ ਹੁੰਦੇ ਹਨ, ਉਸੇ ਤਰ੍ਹਾਂ ਨੈਤਿਕਤਾ ਵੀ ਸਫਲਤਾ ਲਈ ਜ਼ਰੂਰੀ ਹੁੰਦੀ ਹੈ। ਕੁਝ ਕਹਿਣ ਤੋਂ ਪਹਿਲਾਂ ਸੋਚੋ, ਸੱਚ ਹੀ ਸੁਣੋ, ਅਹਿਸਾਨ ਦਾ ਬਦਲਾ ਨਾ ਲਵੋ, ਸੱਚ ਉਹ ਜੋ ਦੂਸਰਿਆਂ ਦਾ ਭਲਾ ਕਰੇ, ਇਮਾਨਦਾਰੀ ਚੰਗੀ ਨੀਤੀ ਹੈ, ਕਿਸੇ ਬਾਰੇ ਰਾਏ ਬਣਾਉਣ ਤੋਂ ਪਹਿਲਾਂ ਸੋਚੋ, ਜ਼ਿੰਮੇਵਾਰੀ ਮਹਿਸੂਸ ਕਰੋ, ਦੂਸਰਿਆਂ ਦੀ ਮਦਦ ਕਰੋ, ਕਿਰਤ ਕੋਈ ਵੱਡੀ ਛੋਟੀ ਨਹੀਂ ਹੁੰਦੀ, ਸੱਚ ਦਾ ਇਨਾਮ, ਪਿਆਰ ਸਭ ਤੋਂ ਵੱਡਾ ਤੋਹਫ਼ਾ, ਖੋਟੀ ਨੀਅਤ ਬਨਾਮ ਖ਼ਰੀ ਨੀਅਤ, ਆਪਣੇ ਆਪ ਨੂੰ ਸੁਧਾਰੋ, ਮਾਂ ਦੀ ਸੇਵਾ, ਨਿਮਰਤਾ, ਆਲੋਚਨਾ ਕਰਨ ਤੋਂ ਪਹਿਲਾਂ ਸੋਚੋ ਅਤੇ ਅਫ਼ਵਾਹ ਆਦਿ ਕਹਾਣੀਆਂ ਵਿੱਚ ਵੀ ਨੈਤਿਕਤਾ ਦੀ ਸਿੱਖਿਆ ਦਿੱਤੀ ਗਈ ਹੈ। ਜਗਤ ਪੰਜਾਬੀ ਸਭਾ ਨੇ ਨੈਤਿਕਤਾ ਨਾਲ ਸੰਬੰਧਤ ਪਹਿਲਾਂ ਵੀ ਅੱਧਾ ਦਰਜਨ ਦੇ ਕਰੀਬ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਹ ਪੁਸਤਕ ਵੀ ਉਸੇ ਲੜੀ ਦਾ ਹਿੱਸਾ ਹੈ। ਇਸ ਸ਼ੁਭ ਕਾਰਜ ਲਈ ਉਹ ਵਧਾਈ ਦੇ ਪਾਤਰ ਹਨ।

148 ਪੰਨਿਆਂ, 225 ਰੁਪਏ ਭਾਰਤੀ ਤੇ 10 ਪੌਂਡ ਕੀਮਤ ਵਾਲੀ ਇਹ ਪੁਸਤਕ ਅਸੀਮ ਪਬਲੀਕੇਸ਼ਨ ਬ੍ਰਾਮਪਟਨ ਕੈਨੇਡਾ ਨੇ ਪ੍ਰਕਾਸ਼ਤ ਕੀਤੀ ਹੈ।